<u>ਦਫਤਰ ਮੁੱਖ ਖੇਤੀਬਾੜੀ ਅਫਸਰ ਪਟਿਆਲਾ</u>

# ਜਨਤਕ ਨੋਟਿਸ

ਜਿਲਾ ਪਟਿਆਲਾ ਦੇ ਸਮੂਹ ਕਿਸਾਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਇੰਨ-ਸੀਟੂ ਸਕੀਮ ਸਾਲ 2020-21 ਦੇ ਕੰਪੋਨੈਂਟ ਇਸਟੈਬਵਿਲਸਮੈਂਟ ਆਫ ਫਾਰਮ ਬੈਂਕਸ ਫਾਰ ਕਸਟਮ ਹਾਇਰਿੰਗ ਸੈਂਟਰ, ਨਿੱਜੀ ਕਿਸਾਨਾਂ, ਸਹਿਕਾਰੀ ਸਭਾਵਾਂ ਅਤੇ ਗ੍ਰਾਮ ਪੰਚਾਇਤਾਂ ਨੂੰ ਪਰਾਲੀ ਦੀ ਸੁਚੱਜੀ ਸਾਂਭ- ਸੰਭਾਲ ਲਈ (ਹੈਪੀ ਸੀਡਰ,ਸੁਪਰ ਐਸ.ਐਮ, ਆਰ.ਐਮ.ਬੀ ਪਲਾਓ ਮਸੀਨਰੀ,ਪੈਡੀ ਸਟਰਾਅ ਚੌਪਰ , ਮਲਚਰ, ਜੀਰੋ ਟਿੱਲ ਡਰਿੱਲ,ਬੇਲਰ,ਰੇਕ ਅਤੇ ਸੁਪਰ ਸੀਡਰ ) ਖੇਤੀ ਮਸ਼ੀਨਰੀ ਅਤੇ ਸੁਧਰੇ ਸੰਦ ਉਪਦਾਨ ਤੇ ਦੇਣ ਲਈ ਅਰਜੀਆਂ ਦੀ ਮੰਗ ਕੀਤੀ ਗਈ ਸੀ । ਨਵੇਂ ਜਾਰੀ ਹੋਏ ਦਿਸਾ ਨਿਰਦੇਸਾਂ ਅਨੁਸਾਰ ਹਾਲ ਦੀ ਘੜੀ ਸੁਪਰ.ਐਸ.ਐਮ.ਐਸ , ਹੈਪੀ ਸੀਡਰ, , ਮਲਚਰ, ਆਰ.ਐਮ.ਬੀ ਪਲਾਓ ਅਤੇ ਸੁਪਰ ਸੀਡਰ ਮਸੀਨਾਂ ਹੀ ਉਪਦਾਨ ਤੇ ਦੇਣ ਦਾ ਪ੍ਰਾਵਧਾਨ ਹੈ । ਉਪਰੋਕਤ ਮਸੀਨਾਂ ਦੀਆਂ ਕੁੱਲ ਅਰਜੀਆਂ ਵਿੱਚੋਂ 50 ਪ੍ਰਤੀਸ਼ਤ ਅਰਜੀਆਂ ਉਪਦਾਨ ਤੇ ਦੇਣ ਹਿੱਤ ਦਿਸਾ ਨਿਰਦੇਸ ਜਾਰੀ ਹੋਏ ਹਨ । ਸੁਪਰ.ਐਸ.ਐਮ.ਐਸ ਦੇ ਸਾਰੇ ਕੇਸਾਂ ਨੂੰ ਉਪਦਾਨ ਤੇ ਦੇਣ ਨੂੰ ਤਰਜੀਹ ਦਿੱਤੀ ਗਈ ਹੈ । ਇਹਨਾਂ ਮਸੀਨਾਂ ਦੇ ਡਰਾਅ ਕੰਪਿਊਟਰਾਇਜਡ ਲਾਟਰੀ ਵਿਧੀ ਰਾਹੀਂ ਜ਼ਿਲਾ ਪੱਧਰੀ ਕਮੇਟੀ ਦੀ ਹਾਜਰੀ ਵਿੱਚ ਕੱਢੇ ਜਾਣੇ ਹਨ । **ਕਿਸਾਨ ਵੀਰ ਇਸ ਡਰਾਅ ਦਾ online ਪ੍ਰਸਾਰਣ ਜਿਲਾ ਪਟਿਆਲਾ ਦੇ ਫੇਸਬੁੱਕ ਪੇਜ www.facbook.com/districtPatiala/ ਤੇ ਦੇਖ ਸਕਦੇ ਹਨ ।**

**ਡਰਾਅ ਦਾ ਸਥਾਨ- ਕਾਨਫਰੰਸ ਹਾਲ DC Office ਜਿਲਾ ਪਟਿਆਲਾ ਮਿਤੀ 11-09-2020 ਸਮਾਂ 11.00 ( ਸਵੇਰੇ)**

1) ਕਿਸੇ ਕਾਰਨ ਡਰਾਅ ਟਾਲਣ ਸਥਿਤੀ ਵਿੱਚ ਸਾਰੇ ਅਧਿਕਾਰ ਜਿਲਾ ਪੱਧਰੀ ਕਮੇਟੀ ਕੋਲ ਹੋਣਗੇ ।

ਮੁੱਖ ਖੇਤੀਬਾੜੀ ਅਫਸਰ
ਪਟਿਆਲਾ

ਪਿੱਠ ਅੰਕਣ ਨੰ 7265-68 ਮਿਤੀ 10-09-2020

ਉਪਰੋਕਤ ਦਾ ਉਤਾਰਾ –

1) ਮਾਨਯੋਗ ਵਧੀਕ ਡਿਪਟੀ ਕਮਿਸਨਰ (ਵਿਕਾਸ) ਪਟਿਆਲਾ
2) ਡਾ,ਜਸਵਿੰਦਰ ਸਿੰਘ ( ਐਸੋਸੀਏਟ ਡਾਇਰੈਕਟਰ ਕ੍ਰਿਸੀ ਵਿਗਿਆਨ ਕੇਂਦਰ ਰੌਣੀ,ਪਟਿਆਲਾ)
3) ਭੂਮੀ ਪਰਖ ਅਫਸਰ (ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਟਿਆਲਾ)
4) ਸਮੂਹ ਬਲਾਕ ਖੇਤੀਬਾੜੀ ਅਫਸਰ ਪਟਿਆਲਾ।

ਮੁੱਖ ਖੇਤੀਬਾੜੀ ਅਫਸਰ
ਪਟਿਆਲਾ